# ਪਲਕਾਂ ਓਹਲੇ

ਲੇਖਕਾ:-
**ਪ੍ਰਭਜੋਤ ਕੌਰ**

**ਪੰਜਾਬੀ ਸਾਹਿਤ ਮੰਦਿਰ**
ਲੁਹਾਰੀ ਦਰਵਾਜ਼ਾ,
ਲਾਹੌਰ

**ਬੇਕਲ ਬੁਕ ਏਜੰਸੀ, ਅੰਮ੍ਰਿਤਸਰ**
ਚੌਂਕ ਬਾਬਾ ਸਾਹਿਬ

All rights reserved by the Authress

Published by:—Giani Janki Dass 'Mastana'
Manager 'Bekal Book Agency' Chowk Baba Sahib, Amritsar.

29543

ਸਵਰਨ ਭੈਣ ਜੀ ਨੂੰ



"ਪ੍ਰਭਜੋਤ"

Printed at the Kashmir Printing Press
Bazar Sodhian, Amritsar
by Bh. Kashmira Singh.

"PALKAN OHLE" by BIBI PRABHJOT KAUR

First Edition, April 1944 500 Copies Price Rs. 1—8—0

9
1110

# ਮੁਖ-ਬੰਧ

[ਵਲੋਂ:—ਸ: ਸ: ਅਮੋਲ ਪ੍ਰਿੰਸੀਪਲ ਗੁਰੂ ਰਾਮਦਾਸ ਕਾਲਜ ਅੰਮ੍ਰਿਤਸਰ]

ਕਿਸੇ ਬੋਲੀ ਦੀ ਕਵਿਤਾ ਤੇ ਨਾਵਲਾਂ ਲਈ ਚੰਗੇ ਭਾਗਾਂ ਦੀ ਨਿਸ਼ਾਨੀ ਹੈ ਜੇ ਉਸ ਵਿਚ ਬੀਬੀਆਂ ਆਪਨੇ ਮਨ ਦੇ ਭਾਵਾਂ ਨੂੰ ਹਵਾਂ ਲਵਾਉਣ ਲਗ ਪੈਣ। ਬੀਬੀ ਹਰਨਾਮ ਕੌਰ, ਬੀਬੀ ਅਮਰ ਕੌਰ ਤੇ ਬੀਬੀ ਅੰਮ੍ਰਿਤ ਕੌਰ ਨੇ ਅਗੇ ਪੰਜਾਬੀ ਕਵਿਤਾ ਵਿਚ ਸੋਹਣੀਆਂ ਮਿਸਾਲਾਂ ਪੈਦਾ ਕੀਤੀਆਂ ਹਨ ਤੇ ਹੁਣ ਬੀਬੀ ਪ੍ਰਭਜੋਤ ਕੌਰ ਨੇ ਭੀ ਆਪਨੀ ਰਚਨਾਂ ਛਪਵਾ ਕੇ ਪੰਜਾਬੀ ਮਾਤਾ ਦੇ ਦਰਬਾਰ ਦੀ ਭੇਟ ਲਿਆਂਦੀ ਹੈ ਤੇ ਇਸ ਭੇਟ ਦਾ ਨਾ ਹੈ "ਪਲਕਾਂ ਉਹਲੇ"।

ਇਹ ਨਾਂ ਇਸ ਬੀਬੀ ਦੀਆਂ ਕਵਿਤਾਵਾਂ ਦੇ ਸਧਾਰਨ ਝੁਕਾ ਤੇ ਸੰਗਾਊ ਸੁਭਾ ਨੂੰ ਬੜੇ ਹੀ ਸੁਚੱਜੇ ਤ੍ਰੀਕੇ ਨਾਲ ਸਾਡੇ ਸਾਹਮਣੇ ਲੈ ਆਉਂਦਾ ਹੈ। ਕਿਸੇ ਹੁਨਰ ਦੀ ਖੂਬੀ ਵੀ ਇਹ ਹੈ ਕਿ ਉਹ ਨਾ ਤਾਂ ਔਖੀ ਬੁਝਾਰਤ ਰਹਵੇ ਤੇ ਨਾ ਖੁਲ੍ਹਾ ਪ੍ਰਾਪੇਗੰਡਾ ਬਣੇ, ਸਗੋਂ ਅਧ-ਕਜੀ ਜਿਹੀ ਤਸਵੀਰ ਹੋਵੇ ਜਿਸ ਦੇ ਪਿਛੇ 'ਅਨੰਤ ਖਿਆਲਾਂ ਦੇ ਝਲਕੇ ਝਾਂਵਲੇ' ਪੈਂਦੇ ਰਹਿਣ, ਬਹੁਤ ਕੁਝ ਪਾਠਕ ਆਪ ਹੀ ਆਪਣੀ ਕਲਪਣਾ ਨਾਲ ਜੋੜੇ ਤੇ ਇਉਂ ਆਪਣੀ ਮਨ ਭਾਉਂਦੀ ਤਸਵੀਰ ਬਣਾ ਲਵੇ। ਲੜਕੀਆਂ ਦੇ ਸੁਭਾ ਵਿਚ ਚੁਪ-ਬੋਲੀ ਵਿਚ ਬਹੁਤ ਕੁਝ ਕਹਿਣਾ ਇਕ ਕੁਦਰਤੀ ਲਛਣ ਹੈ ਜਿਸ ਨੂੰ ਬੜੀ ਖੂਬੀ ਨਾਲ ਇਸ ਕਿਤਾਬ ਦੀਆਂ ਕਈ ਇਕ ਨਜ਼ਮਾਂ ਵਿਚ 'ਪ੍ਰਭਜੋਤ' ਨੇ ਨਿਭਾਇਆ ਹੈ। ਉਸ ਦਾ ਸ਼ੁਰੂ ਵਿਚ ਹੀ ਇਹ ਕਹਿਣਾ ਅਖਰ ਬ-ਅਖਰ ਸਚ ਹੈ ਕਿ:—

'ਮੈਂ ਪਲਕਾਂ ਦੇ ਉਹਲੇ ਹੀ, ਸਾਰੇ ਹੰਝੂਆਂ ਨੂੰ ਪੀ ਲੀਤਾ।
ਲੈ ਕੇ ਦੁਨੀਆ ਕੋਲੋਂ ਗ਼ਮ ਨੂੰ, ਗੀਤਾਂ ਦੇ ਵਿਚ ਬਦਲੀ ਕੀਤਾ।'

ਇਉਂ ਉਸ ਨੂੰ ਸੂਰਜ, ਚੰਨ, ਤਾਰੇ ਸਭ ਦਿਲ ਵਿਚ ਕੋਈ 'ਮੂਕ-ਵੇਦਨਾ' ਤੇ 'ਬੁਲ੍ਹਾਂ ਤੇ ਸੁਤੇ ਸ਼ਿਕਵੇ' ਲੈ ਕੇ ਆਉਂਦੇ ਤੇ ਡੁਬਦੇ ਜਾਂਦੇ ਦਿਸਦੇ ਹਨ। ਮੈਨੂੰ ਕਦੇ ਬੀਬੀ ਨੂੰ ਮਿਲਣ ਦਾ ਮੌਕਾ ਨਹੀਂ ਹੋਇਆ ਤੇ ਨਾ ਹੀ ਮੈਂ ਉਸ ਦੇ ਜੀਵਨ ਬਾਬਤ ਕੁਝ ਜਾਣਦਾ ਹਾਂ ਪਰ ਇਹ ਕਵਿਤਾਵਾਂ ਪੜ੍ਹ ਕੇ ਮੈਂ ਇਹ ਪਤਾ ਲਾਇਆ ਹੈ ਕਿ ਇਕ ਨਿਰਾਸ, ਸਮਾਜ ਦੇ ਸਤਾਏ, ਦਿਲ ਦੀ ਵੇਦਨਾ ਦਾ ਅਮੁਕ ਤਰਲਾ ਇਨ੍ਹਾਂ ਕਵਿਤਾਵਾਂ ਦੀ ਸਟੇਜ ਦਾ ਪਿਛੋਕੜ ਹੈ ਜੋ ਅਤ ਮਧਮ ਤੇ ਨੀਮ ਰੰਗਾਂ ਵਿਚ ਹੁੰਦਾ ਭੀ ਇਸ ਦੀਆਂ ਕਵਿਤਾਵਾਂ ਤੇ ਅਸਰ ਪਾਉਣੋਂ ਨਹੀਂ ਟਲਦਾ। ਵਿਚਾਰੇ ਪਰਵਾਨੇ ਨੂੰ ਦੀਵੇ ਤੇ ਸੜਦਾ ਵੇਖ, ਜਾਂ ਕਿਸੇ ਮਨੁਖੀ ਦਿਲ ਨੂੰ ਉਡੀਕ ਦੀ ਕੜਾਹੀ ਵਿਚ ਤਲੀਦਾ ਵੇਖ, ਜਾਂ ਨਿਰਾਸਤਾ ਦੀ ਭਠੀ ਤੇ ਭੁਜਦਾ ਵੇਖ ਜਦ 'ਪ੍ਰਭਜੋਤ' ਕਲਮ ਚੁਕਦੀ ਹੈ ਤਾਂ ਸੁੱਕੇ ਸੜੇ ਮਨ ਤੇ ਭੀ ਹਰਿਆਵਲ ਆ ਜਾਂਦੀ ਹੈ ਤੇ ਉਸ ਦਾ ਜੀਅ ਕਰ ਆਉਂਦਾ ਹੈ ਕੁਝ ਪੁਰਾਣੇ ਤਜਰਬੇ ਤੇ ਯਾਦਾਂ ਤਾਜ਼ੀਆਂ ਕਰ ਕਰ ਗਾਉਣ ਲਈ:–

ਪਰ ਹਾਏ ਉਹ ਘੜੀ ਨਾ ਆਈ।

ਜਾਂ

ਸੁੰਨੀ ਪਈ ਮੇਰੇ ਦਿਲ ਦੀ ਨਗਰੀ, ਸੁੰਨਾਂ ਪ੍ਰੇਮ ਨਦੀ ਦਾ ਤੀਰ।
ਤਾਰ ਛੇੜਨ ਦੇ ਨਾਲ ਨਾ ਕਿਧਰੇ, ਜਾਗ ਪਵੇ ਅੰਤਰ ਦੀ ਪੀੜ।
ਬਿਸਰ ਗਏ ਸਭ ਰਾਗ ਨੇ ਮੈਨੂੰ, ਟੁਟੀ ਪਈ ਸਿਤਾਰ।

ਅਤੇ ਇਸੇ ਤਰ੍ਹਾਂ ਹੀ 'ਜਿਸ ਆਉਣਾ ਸੀ ਲੈਣ' 'ਆ ਉਹਦਾ ਸੁੰਨਾ ਮਨ ਭਰ ਦੇ' ਆਦਿ ਨਜ਼ਮਾਂ ਹਨ।

'ਪ੍ਰਭਜੋਤ' ਏਨੀ ਦੁਖ ਦੀ ਵੇਦਨਾ ਦਸਦੀ ਹੋਈ ਵੀ ਨਿਰਾਸਤਾ ਦੇ ਡੂੰਘੇ ਸਮੁੰਦਰ ਵਿਚ ਨਹੀਂ ਡੁਬਦੀ ਸਗੋਂ ਉਹ ਉਦਾਸੀ ਤੋਂ ਬਚਾਉਣ ਲਈ ਮਨੁਖਤਾ ਨੂੰ ਇਹ ਪੈਗ਼ਾਮ ਦੇਂਦੀ ਹੈ ਕਿ ਸਮਾਜਕ ਮਦਾਨ ਵਿਚ

ਓ ਜਗ ਦੇ ਉਦਾਸ ਇਨਸਾਨ!
ਤੋੜ ਲੈ ਪਿੰਜਰਾ ਲਾਹ ਦੇ ਕੜੀਆਂ।



ਭੰਨ ਦੇ ਸੰਗਲ ਫਿਰਕੇ ਧੜੀਆਂ।
ਜੋਸ਼ ਨਾਲ ਥਰਕਾ ਲੈ ਡੌਲੇ।
ਨਾੜਾਂ 'ਚ ਤੇਰੇ ਲਹੂ ਖ਼ੌਲੇ।
ਕਰ ਕੇ ਪਰਬਤ ਵਰਗਾ ਜੇਰਾ।
ਇਕੋ ਭਬਕ ਮਾਰ ਦੇ ਸ਼ੇਰਾ।
ਡਰ ਕੇ ਦੁਸ਼ਮਨ ਸਾਰੇ ਤੇਰੇ।
ਖੁਲ੍ਹਾ ਕਰਨ ਮੈਦਾਨ।
ਓ ਜਗ ਦੇ ਉਦਾਸ ਇਨਸਾਨ।

ਅਤੇ ਇਸੇ ਤਰ੍ਹਾਂ ਪਿਆਰ ਦੇ ਮਾਨਸਿਕ ਮਦਾਨ ਵਿਚ

ਕਰ ਲੈ ਨੈਣਾਂ ਦਾ ਸੌਦਾ,
ਵੇ ਪਰਵਾਨਾ ਬਣ ਜਾ।

ਇਉਂ ਇਸ ਨਿਕੀ ਜਿਹੀ ਕਿਤਾਬ ਵਿਚ ਹੀ 'ਪ੍ਰਭਜੋਤ' ਨੇ ਜਿਥੇ ਆਪਣੀਆਂ ਪਲਕਾਂ ਦੇ ਉਹਲੇ ਲੁਕੀਆਂ ਕਈ ਤਸਵੀਰਾਂ ਸਾਡੇ ਸਾਹਮਣੇ ਅੱਖਰਾਂ ਵਿਚ ਚਿਤ੍ਰੀਆਂ ਹਨ ਉਥੇ ਸਾਡੇ ਦਿਲ ਨੂੰ ਭੀ ਹਲੂਣਿਆ ਹੈ, ਸੁੱਤੇ ਵਲਵਲੇ ਜਗਾਏ ਹਨ, ਕੁਦਰਤ ਪਿਆਰ ਦੇ ਦ੍ਰਿਸ਼ ਦਿਖਾਏ ਹਨ (ਸਫਾ ੧੧ ਤੋਂ ੨੧) ਅਤੇ ਧਾਰਮਕ ਤੇ ਸਮਾਜਕ ਕਵਿਤਾਵਾਂ ਭੀ ਦਿਤੀਆਂ ਹਨ।

ਮੈਨੂੰ ਬੀਬੀ ਪ੍ਰਭਜੋਤ ਦੀਆਂ ਕਵਿਤਾਵਾਂ ਵਿਚ ਰਸ, ਸੰਗੀਤਕ ਲੈਅ ਅਤੇ ਵਲਵਲਾ ਨਜ਼ਰ ਆਇਆ ਹੈ ਤੇ ਮੈਂ ਇਸ ਦੀ ਕਵਿਤਾ ਦੇ ਨਵੇਂ ਨਵੇਂ ਤੋਲਾਂ ਤੇ ਉਪਮਾਂ ਨੂੰ ਭੀ ਬੜੀ ਸਲਾਹੁਤਾ ਦੀ ਨਜ਼ਰ ਨਾਲ ਤਕਦਾ ਹੋਇਆ ਆਸ ਕਰਦਾ ਹਾਂ ਕਿ ਇਹ ਬੀਬੀ ਅਗੇ ਨੂੰ ਭੀ ਪੰਜਾਬੀ ਮਾਤਾ ਦੀ ਸੇਵਾ ਵਿਚ ਵਧ ਚੜ੍ਹ ਕੇ ਹਿਸਾ ਲੈਂਦੀ ਰਹੇਗੀ ਤੇ ਪਾਠਕ ਇਸ ਦਾ ਹੌਸਲਾ ਵਧਾਉਂਦੇ ਰਹਿਣਗੇ।

[illegible]

੩–੪–੪੪

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.